# ਡਾਇਰੈਕਟੋਰੇਟ

## ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਐਸ.ਸੀ.ਓ. 7, ਫੇਜ਼-1, ਐਸ.ਏ.ਐਸ. ਨਗਰ।

ਭਾਰਤ ਸਰਕਾਰ ਵਲੋਂ Post Matric Scholarships to the students belonging to Scheduled Castes for Studies in India (2020-2021 to 2025-26) ਤਹਿਤ ਮਾਰਚ 2021 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਡਾ. ਅੰਬੇਡਕਰ ਪੋਰਟਲ 'ਤੇ Freeship Card ਲਈ ਆਨਲਾਈਨ ਅਪਲਾਈ ਕਰਨ ਸਬੰਧੀ।

**ਅਪਲਾਈ ਕਰਨ ਲਈ ਪਾਤਰਤਾ:**

- Post Matric Scholarships to the students belonging to Scheduled Castes for Studies in India (2020-21 to 2025-26) ਅਧੀਨ ਪੰਜਾਬ ਰਾਜ ਦੇ ਬੋਨਾਫਾਈਡ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਤਾ-ਪਿਤਾ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਥਿਤ ਸੰਸਥਾਵਾਂ ਵਿਚ ਉਚੇਰੀ ਵਿੱਦਿਆ ਲੈਣ ਲਈ ਵਜ਼ੀਫੇ ਦੇ ਯੋਗ ਹਨ।
- ਯੋਗ ਐਸ.ਸੀ. ਵਿਦਿਆਰਥੀਆਂ ਤੋਂ Freeship Card ਲਈ ਆਨਲਾਈਨ ਅਰਜ਼ੀਆਂ ਪ੍ਰਾਪਤ ਕਰਨ ਲਈ ਭਲਾਈ ਵਿਭਾਗ ਵਲੋਂ ਵੈੱਬਸਾਈਟ www.scholarships.punjab.gov.in 'ਤੇ ਡਾ. ਅੰਬੇਡਕਾਰ ਸਕਾਲਰਸ਼ਿਪ ਪੋਰਟਲ ਮਿਤੀ 31 ਅਗਸਤ, 2021 ਤੋਂ ਚਾਲੂ ਹੋਵੇਗਾ, ਜਿਸ ਅਨੁਸਾਰ ਸ਼ਡਿਊਲ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ACTIVITY SCHEDULE 2021-22**

| | | |
|---|---|---|
| 1. | The Opening date for submission of Freeship Card by the Students (Fresh & Renewal) | 31.08.2021 |
| 2. | The last date of submission of Freeship Card by the Students (Fresh & Renewal) | 30.09.2021 |
| 3. | The last date for Tehsil Social Justice & Empowerment Officers to verify and issue freeship card online | 08.10.2021 |

**ਨਵੀਂ ਵਿਧੀ-**

- ਵਿਦਿਆਰਥੀਆਂ ਵਲੋਂ Freeship Card ਲਈ ਅਪਲਾਈ ਕਰਨ ਤੋਂ ਪਹਿਲਾਂ ਪੋਰਟਲ 'ਤੇ ਰਜਿਸਟਰ ਕਰਨ ਲਈ ਉਸ ਦਾ ਆਧਾਰ ਨੰਬਰ ਹੋਣਾ ਜ਼ਰੂਰੀ ਹੈ। ਗਲਤ ਆਧਾਰ ਨੰਬਰ 'ਤੇ ਵਿਦਿਅਰਥੀ ਪੋਰਟਲ 'ਤੇ ਰਜਿਸਟਰ ਨਹੀਂ ਕਰ ਸਕਦਾ।
- ਯੋਗ ਐਸ.ਸੀ. ਵਿਦਿਅਰਥੀ ਆਪਣਾ ਵੈਰੀਫਾਈਡ Freeship Card ਪੋਰਟਲ ਤੋਂ ਡਾਊਨਲੋਡ ਕਰਨ ਉਪਰੰਤ ਜਿਸ ਸੰਸਥਾ ਵਿਚ ਵੀ ਦਾਖਲਾ ਲੈਣਾ ਹੈ ਜਾਂ ਪੜ੍ਹਦੇ ਹਨ, ਵਿਚ ਜਮ੍ਹਾਂ ਕਰਵਾਉਣਗੇ।
- ਸੰਸਥਾਵਾਂ ਇਹ ਯਕੀਨੀ ਬਣਾਉਣਗੀਆਂ ਕਿ ਜੋ ਵਿਦਿਆਰਥੀ Freeship Card ਕਾਰਡ ਰਾਹੀਂ ਦਾਖਲਾ ਲੈਣਗੇ, ਉਨ੍ਹਾਂ ਨੂੰ ਬਿਨਾਂ ਕੋਈ ਫੀਸ ਲਏ ਦਾਖਲਾ ਦੇਣਗੀਆਂ ਅਤੇ ਜਿਸ ਦਿਨ ਵਿਦਿਆਰਥੀ ਦਾਖਲਾ ਲੈਂਦਾ ਹੈ, ਉਸੇ ਸਮੇਂ ਪੋਰਟਲ 'ਤੇ ਸਕਾਲਰਸ਼ਿਪ ਲਈ ਵਿਦਿਆਰਥੀ ਤੋਂ ਅਪਲਾਈ ਕਰਵਾਉਣਾ ਯਕੀਨੀ ਬਣਾਉਣਗੀਆਂ।

**ਦਸਤਾਵੇਜ਼:-**

- ਵਿਦਿਆਰਥੀ ਵਲੋਂ Freeship Card ਆਨਲਾਈਨ ਅਪਲਾਈ ਕਰਦੇ ਸਮੇਂ ਫੋਟੋ, ਜਾਤੀ ਸਰਟੀਫਿਕੇਟ, ਤਹਿਸੀਲਦਾਰ ਵਲੋਂ ਜਾਰੀ ਆਮਦਨ ਸਰਟੀਫਿਕੇਟ (ਕੇਵਲ ਫਰੈੱਸ਼ ਵਿਦਿਆਰਥੀਆਂ ਲਈ) ਅਤੇ ਪਿਛਲੀ ਕਲਾਸ ਦੇ ਡੀ.ਐਮ.ਸੀ./ ਡਿਗਰੀ ਸਰਟੀਫਿਕੇਟ ਅਪਲੋਡ ਕੀਤੇ ਜਾਣਗੇ।
- Income declaration of self employed parents/guardian should be in the form of a certificate issued by the Revenue Officer not below the rank of Tehsildar, Employed parents/guardians are required to obtain income certificate from their employer. Employed parents/guardians should obtain consolidated certificate from Revenue Officer for any other additional source of income.

**ਸੰਪਰਕ:-**

- ਜੇਕਰ ਕਿਸੇ ਵਿਦਿਆਰਥੀ ਨੂੰ ਆਨਲਾਈਨ ਅਪਲਾਈ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਵਿਦਿਆਰਥੀ ਸੰਸਥਾਵਾਂ ਵਿਖੇ ਬਣੇ ਫੈਲੀਟੇਸ਼ਨ ਸੈਂਟਰ ਵਿਖੇ ਸੰਪਰਕ ਕਰ ਸਕਦੇ ਹਨ ਜਾਂ ਆਪਣੀ ਤਹਿਸੀਲ ਨਾਲ ਸਬੰਧਿਤ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਦੇ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

**ਨੋਟ:-** ਜੋ ਸੰਸਥਾਵਾਂ ਡਾ: ਅੰਬੇਡਕਾਰ ਪੋਰਟਲ ਪਰ ਰਜਿਸਟਰ ਨਹੀਂ ਹਨ, ਉਨ੍ਹਾਂ ਨੂੰ ਲਾਗੂਕਰਤਾ ਵਿਭਾਗਾਂ ਰਾਹੀਂ ਪੋਰਟਲ 'ਤੇ ਰਜਿਸਟਰ ਕਰਨ, ਆਪਣੇ ਕੋਰਸ ਅਤੇ ਫੀਸ ਸਟਰੱਕਚਰ ਅਪਰੂਵ ਕਰਵਾਉਣ ਲਈ ਪੋਰਟਲ ਸੰਸਥਾਵਾਂ ਅਤੇ ਲਾਗੂਕਰਤਾ ਵਿਭਾਗਾਂ ਵਾਸਤੇ ਵੀ ਖੋਲ੍ਹਿਆ ਗਿਆ ਹੈ।

ਸਹੀ/-
ਡਾਇਰੈਕਟਰ
ਸਮਾਜਿਕ ਨਿਆਂ, ਅਧਿਕਾਰਤਾ ਅਤੇ
ਘੱਟ ਗਿਣਤੀ ਵਿਭਾਗ, ਪੰਜਾਬ, ਚੰਡੀਗੜ੍ਹ
(ਫੋਨ: 0172-2273272

No. 26/12/192/2021/7250